BRAMPTON Flower City brampton.ca

Service and Information Update

28 ਫਰਵਰੀ, 2019

# ਹੁਣ ਸਿਵਿਕ ਸੈਂਟਰ ਵਿੱਚ ਨਵਾਂ ਸਰਵਿਸ ਬ੍ਰੈਂਪਟਨ ਸੈਂਟਰ ਖੁੱਲ੍ਹ ਗਿਆ ਹੈ

ਬ੍ਰੈਂਪਟਨ, ਓਨਟੈਰੀਓ – 150 ਸੈਂਟਰਲ ਪਾਰਕ ਡ੍ਰਾਈਵ (150 Central Park Drive) ਵਿਖੇ ਸਥਿਤ ਸਿਵਿਕ ਸੈਂਟਰ (Civic Centre) ਵਿੱਚ ਅੱਜ ਤੋਂ, ਇੱਕ ਨਵਾਂ ਸਰਵਿਸ ਬ੍ਰੈਂਪਟਨ ਸੈਂਟਰ (Service Brampton Centre) ਅਧਿਕਾਰਤ ਤੌਰ ਤੇ ਖੁੱਲ੍ਹ ਗਿਆ ਹੈ।

ਇਹ ਸਿਟੀ ਹਾਲ (City Hall) ਦੇ ਬਾਹਰ ਪਹਿਲਾ ਵਿਅਕਤੀਗਤ ਸਰਵਿਸ ਬ੍ਰੈਂਪਟਨ ਸੈਂਟਰ ਸਥਾਨ ਹੈ। ਸਿਵਿਕ ਸੈਂਟਰ ਵਿੱਚ ਸਰਵਿਸ ਬ੍ਰੈਂਪਟਨ ਸੈਂਟਰ, ਜਾਣਕਾਰੀ ਅਤੇ ਸਿਟੀ ਦੀਆਂ ਸੇਵਾਵਾਂ ਤੱਕ ਪਹੁੰਚ ਦਾ ਦੂਜਾ ਸੁਵਿਧਾਜਨਕ ਤਰੀਕਾ ਹੈ।

ਨਿਵਾਸੀ ਸਿਟੀ ਦੀਆਂ ਸੇਵਾਵਾਂ ਲਈ ਬੇਨਤੀ ਕਰਨ ਅਤੇ ਕੁਝ ਟ੍ਰਾਂਜੈਕਸ਼ਨਾਂ ਪੂਰੀਆਂ ਕਰਨ ਲਈ ਇਸ ਸਥਾਨ ਵਿਖੇ ਆ ਸਕਦੇ ਹਨ, ਜਿਵੇਂ ਕਿ ਰੇਕ੍ਰੀਏਸ਼ਨ ਰਜਿਸਟਰੇਸ਼ਨ, ਪਾਰਕਿੰਗ ਟਿਕਟਾਂ ਦਾ ਭੁਗਤਾਨ ਅਤੇ ਥਿਏਟਰ ਟਿਕਟ ਖਰੀਦਾਂ। ਇਸ ਨਵੇਂ ਸਥਾਨ ਵਿਖੇ ਸਿਰਫ਼ ਕ੍ਰੈਡਿਟ, ਡੈਬਿਟ ਜਾਂ ਚੈੱਕ ਭੁਗਤਾਨ ਹੀ ਸਵੀਕਾਰ ਕੀਤੇ ਜਾਣਗੇ। ਨਕਦੀ ਭੁਗਤਾਨ ਸਿਟੀ ਹਾਲ ਵਿਖੇ ਕੀਤੇ ਜਾ ਸਕਦੇ ਹਨ। ਸੰਚਾਲਨ ਦਾ ਵਰਤਮਾਨ ਸਮਾਂ, ਸੋਮਵਾਰ ਤੋਂ ਸ਼ੁੱਕਰਵਾਰ ਤੱਕ, ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਹੈ।

ਸਿਟੀ ਦੀਆਂ ਸੇਵਾਵਾਂ ਅਤੇ ਜਾਣਕਾਰੀ, ਦਿਨ ਵਿੱਚ 24 ਘੰਟੇ, ਹਫ਼ਤੇ ਵਿੱਚ 7 ਦਿਨ, 311 ਤੇ ਫੋਨ ਰਾਹੀਂ, ਜਾਂ www.brampton.ca ਤੇ ਔਨਲਾਈਨ ਉਪਲਬਧ ਹੈ। ਸਿਟੀ ਹਾਲ ਵਿਖੇ ਅਤੇ ਸਿਵਿਕ ਸੈਂਟਰ ਵਿੱਚ ਸਰਵਿਸ ਬ੍ਰੈਂਪਟਨ ਸੈਂਟਰ, ਉਹਨਾਂ ਸਥਾਨਾਂ ਵਿਖੇ ਸੈਲਾਨੀ ਅਨੁਭਵ ਨੂੰ ਵਧਾਉਣ, ਅਤੇ ਉਹਨਾਂ ਨਿਵਾਸੀਆਂ ਲਈ ਵਿਕਲਪ ਮੁਹੱਈਆ ਕਰਨ ਲਈ ਤਿਆਰ ਕੀਤੇ ਗਏ ਹਨ, ਜੋ ਆਮ੍ਹਣੇ-ਸਾਮ੍ਹਣੇ ਦੀ ਸੇਵਾ ਨੂੰ ਤਰਜੀਹ ਦਿੰਦੇ ਹਨ।

ਨਿਵਾਸੀਆਂ ਨੂੰ ਵਿਅਕਤੀਗਤ ਪਹੁੰਚ ਮੁਹੱਈਆ ਕਰਨ ਲਈ ਆਉਣ ਵਾਲੇ ਸਾਲਾਂ ਵਿੱਚ, ਸਿਟੀ ਦੀਆਂ ਹੋਰ ਫੈਸਿਲਿਟੀਜ ਵਿਖੇ, ਹੋਰ ਸਰਵਿਸ ਬ੍ਰੈਂਪਟਨ ਸੈਂਟਰ ਖੁੱਲ੍ਹਣ ਦੀ ਸੰਭਾਵਨਾ ਹੈ।

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca